ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ।

(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ)
ਪੰਜਾਬ।

ਮੀਮੋ ਨੰ.ਈ-559957/2024277569

ਮਿਤੀ:-25-10-2024

ਵਿਸ਼ਾ- ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ਼ (ਕੰਪੋਨੈਂਟ 1) (ਕੰਪੋਨੈਂਟ 2) ਸਕੀਮ ਅਧੀਨ ਸਾਲ 2024-25 ਦੇ ਯੋਗ ਲਾਭਪਾਤਰੀਆਂ ਨੂੰ ਐਨ.ਐਸ.ਪੀ. ਪੋਰਟਲ ਤੇ ਅਪਲਾਈ ਕਰਵਾਉਣ ਸਬੰਧੀ ।

1. ਉਪਰੋਕਤ ਵਿਸ਼ੇ ਦੇ ਸਬੰਧ ਵਿਚ ਮੁੱਖ ਦਫਤਰ ਵਲੋ ਭਾਰਤ ਸਰਕਾਰ ਨੂੰ ਬੇਨਤੀ ਪੱਤਰ ਭੇਜਿਆ ਗਿਆ ਕਿ ਉਕਤ ਸਕੀਮਾਂ ਅਧੀਨ ਘੱਟ ਵਿਦਿਆਰਥੀ ਅਪਲਾਈ ਹੋਣ ਕਾਰਨ ਨੈਸ਼ਨਲ ਸਕਾਲਰਸ਼ਿਪ ਪੋਰਟਲ ਦੀ ਮਿਤੀ ਵਿਚ ਵਾਧਾ ਕੀਤਾ ਜਾਵੇ (ਕਾਪੀ ਨੱਥੀ) । ਜਿਸਦੇ ਸਬੰਧ ਵਿਚ ਭਾਰਤ ਸਰਕਾਰ ਵਲੋ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣ ਲਈ ਮਿਤੀ ਵਿਚ ਹੇਠ ਲਿਖੇ ਅਨੁਸਾਰ ਵਾਧਾ ਕਰ ਦਿੱਤਾ ਗਿਆ ਹੈ –

| | |
|---|---|
| Application for students closing date | 11.11.2024 |
| L1 Application verification for institute closing date | 18.11.2024 |
| L2 Verification | 25.11.2024 |

2. ਉਕਤ ਸਕੀਮਾਂ ਅਧੀਨ ਵੱਧ ਤੋਂ ਵੱਧ ਯੋਗ ਲਾਭਪਾਤਰੀਆਂ ਨੂੰ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ (ਕੰਪੋਨੈਂਟ-1) ਸਕੀਮ ਅਧੀਨ *ਅਜੇ ਤੱਕ ਨਵੇ (fresh) 58412 ਅਤੇ ਪੁਰਾਣੇ (renewal) ਕੇਵਲ 38520 (ਕੁੱਲ 96932) ਵਿਦਿਆਰਥੀਆਂ ਵਲੋ ਹੀ ਅਪਲਾਈ ਕੀਤਾ ਗਿਆ ਹੈ* (ਨੱਥੀ ਜਿਲ੍ਹਾ ਵਾਈਜ ਰਿਪੋਰਟ)।

3. ਇਸੇ ਤਰ੍ਹਾਂ ਹੀ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ (ਕੰਪੋਨੈਂਟ-2) ਸਕੀਮ ਅਧੀਨ *ਨਵੇ (fresh) 80 ਅਤੇ ਪੁਰਾਣੇ (renewal) ਕੇਵਲ 20 (ਕੁੱਲ 100) ਵਿਦਿਆਰਥੀਆਂ ਵਲੋ ਹੀ ਅਪਲਾਈ ਕੀਤਾ ਗਿਆ ਹੈ* । ਐਨ.ਐਸ.ਪੀ. ਪੋਰਟਲ ਤੇ ਕੰਪੋਨੈਂਟ-2 ਸਕੀਮ ਅਧੀਨ ਬਹੁਤ ਹੀ ਘੱਟ ਵਿਦਿਆਰਥੀਆਂ ਵਲੋ ਅਪਲਾਈ ਕੀਤਾ ਜਾ ਰਿਹਾ ਹੈ ਇਸ ਲਈ ਵੱਧ ਤੋਂ ਵੱਧ ਯੋਗ ਲਾਭਪਾਤਰੀਆਂ ਨੂੰ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ ।

4. ਵਿਦਿਆਰਥੀਆਂ ਦੇ ਅਪਲਾਈ ਕਰਨ ਦੀ ਆਖਰੀ ਮਿਤੀ 11.11.2024 ਹੈ, ਇਸ ਤੋਂ ਬਾਅਦ ਪੋਰਟਲ ਦੀਆਂ ਮਿਤੀਆਂ ਵਿਚ ਵਾਧਾ ਨਹੀ ਕੀਤਾ ਜਾਵੇਗਾ । *ਇਸ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਕੂਲਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਮਿੱਥੇ ਸਮੇਂ ਦੇ ਅੰਦਰ-2 ਵੱਧ ਤੋਂ ਵੱਧ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਵਜੀਫੇ ਦੇ ਲਾਭ ਤੋਂ ਵਾਂਝਾ ਨਾ ਰਹਿ ਜਾਵੇ ।*

5. ਯੋਗ ਲਾਭਪਾਤਰੀਆਂ ਨੂੰ ਐਨ.ਐਸ.ਪੀ. ਪੋਰਟਲ ਤੇ ਸਮੇਂ ਸਿਰ ਅਪਲਾਈ ਨਾ ਕਰਵਾਉਣ ਦਾ ਸੂਰਤ ਵਿਚ ਸਕੂਲ ਮੁਖੀ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ.), ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) (ਜਿਲ੍ਹਾ ਵਜੀਫਾ ਨੋਡਲ ਅਫਸਰ) ਦੀ ਨਿੱਜੀ ਜਿੰਮੇਵਾਰੀ ਹੋਵੇਗੀ ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ।

ਨੱਥੀ- ਨੱਥੀ ਉਕਤ ਅਨੁਸਾਰ ।

ਸਹਾਇਕ ਡਾਇਰੈਕਟਰ (ਵਜੀਫਾ)

ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ: ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-5/1(1)/2024/1433 ਮਿਤੀ: ਬਠਿੰਡਾ 25-10-2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ (ਸਸਸਸ/ਸਹਸ/ਹਾਈ/ਪ੍ਰਾਇਵੇਟ) ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ NSP ਪੋਰਟਲ ਤੇ ਪ੍ਰੀ-ਮੈਟ੍ਰਿਕ ਸਕੀਮ 2024-25 ਤਹਿਤ Component 1 & 2 ਅਪਲਾਈ ਮਿਤੀ ਵਿੱਚ ਵਾਧਾ ਕੀਤਾ ਗਿਆ ਹੈ ਜੋ ਕਿ ਉਕਤ ਪੱਤਰ ਵਿੱਚ ਦਰਜ ਹੈ। ਸਮੂਹ ਸਬੰਧਤ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ Fresh ਅਤੇ Renewal Cases ਜਲਦ ਤੋਂ ਜਲਦ ਅਪਰੂਵ ਕਰਕੇ District ਪੱਧਰ ਤੇ Verify ਕੀਤੇ ਜਾਣ ਤਾਂ ਕਿ ~~ਕਿ~~ ਕੋਈ ਵੀ ਯੋਗ ਵਿਦਿਆਰਥੀ ਵਜ਼ੀਫਾ ਅਪਲਾਈ ਕਰਨ ਤੋਂ ਵਾਂਝਾ ਨਾ ਰਹਿ ਜਾਵੇ। ਅਗਰ ਕੋਈ ਵੀ ਯੋਗ ਵਿਦਿਆਰਥੀ ਵਜ਼ੀਫਾ ਅਪਲਾਈ ਕਰਨ ਤੋਂ ਰਹਿ ਜਾਂਦਾ ਹੈ ਤਾਂ ਸਬੰਧਤ ਸਕੂਲ ਮੁਖੀ ਜਿੰਮੇਵਾਰ ਹੋਣਗੇ।

(Sd/-) 25/10/24

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸ)
ਬਠਿੰਡਾ
(Sd/-) 25/10/24

Scanned with OKEN Scanner